# ਓਪਰੇਟਿੰਗ ਇੰਜਨੀਅਰ




"ਮੈਂ ਆਪਣੇ ਕੰਮ ਵਿਚ ਵੰਨਗੀ ਪਸੰਦ ਕਰਦਾ ਹਾਂ। ਮੇਰੇ ਕੰਮ ਹਰ ਰੋਜ਼ ਬਦਲ ਸਕਦੇ ਹਨ ਜੋ ਕਿ ਜੌਬ ਉੱਪਰ ਅਤੇ ਮੇਰੇ ਕੰਮ ਦੀ ਥਾਂ ਉੱਪਰ ਨਿਰਭਰ ਕਰਦਾ ਹੈ।"

## ਇਸ ਕਿੱਤੇ ਬਾਰੇ

ਓਪਰੇਟਿੰਗ ਇੰਜਨੀਅਰ, ਭਾਰੀ ਸਾਜ਼-ਸਾਮਾਨ ਚਲਾਉਣ ਵਾਲਿਆਂ, ਕਰੇਨ ਓਪਰੇਟਰਜ਼, ਮਕੈਨਿਕਸ ਅਤੇ ਵੈਲਡਰਾਂ ਵਜੋਂ ਕੰਮ ਕਰਦੇ ਹਨ। ਇੰਡਸਟਰੀਆਂ ਵਿਚ ਕਨਸਟਰੱਕਸ਼ਨ, ਸੜਕਾਂ ਦੀ ਉਸਾਰੀ, ਪੇਵਿੰਗ, ਮਾਈਨਿੰਗ, ਮਾਰੀਨ ਅਤੇ ਤੇਲ ਅਤੇ ਗੈਸ ਸ਼ਾਮਲ ਹਨ। ਉਹ ਖਾਸ ਸਾਜ਼-ਸਾਮਾਨ ਚਲਾਉਣ ਲਈ ਬਹੁਤ ਜ਼ਿਆਦਾ ਹੁਨਰਮੰਦ ਅਤੇ ਮਾਸਟਰ ਹੁੰਦੇ ਹਨ।

**$28.00-$60.00 /ਪ੍ਰਤੀ ਘੰਟਾ**

ਅਨੁਮਾਨਤ ਵਾਧਾ
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ਤੁਸੀਂ ਟੀਮ ਵਿਚ ਕੰਮ ਕਰਨ ਵਾਲੇ ਹੋ।
- ਤੁਹਾਡੇ ਕੰਮ ਦੇ ਬਹੁਤ ਵਧੀਆ ਅਸੂਲ ਹਨ।
- ਤੁਸੀਂ ਭਰੋਸੇਯੋਗ ਹੋ ਅਤੇ ਤੁਹਾਡਾ ਚੰਗਾ ਵਿਹਾਰ ਹੈ।

## ਜ਼ਿੰਮੇਵਾਰੀਆਂ

- ਕਰੇਨਾਂ ਅਤੇ ਜ਼ਮੀਨ ਹਿਲਾਉਣ ਵਾਲੇ ਸਾਜ਼-ਸਾਮਾਨ ਵਰਗੀ ਭਾਰੀ ਮਸ਼ੀਨਰੀ ਚਲਾਉਣਾ ਜਿਨ੍ਹਾਂ ਵਿਚ ਬੈਕਹੋਲਜ਼, ਬੁਲਡੋਜ਼ਰ, ਲੋਡਰ ਅਤੇ ਗਰੇਡਰਜ਼ ਸ਼ਾਮਲ ਹਨ।
  - ਕਰੇਨਾਂ ਭਾਰੀ ਚੀਜ਼ਾਂ ਨੂੰ ਟਿਕਾਣੇ `ਤੇ ਰੱਖਦੀਆਂ ਹਨ
  - ਜ਼ਮੀਨ ਹਿਲਾਉਣ ਵਾਲਾ ਸਾਜ਼-ਸਾਮਾਨ ਖੁਦਾਈ ਕਰਦਾ ਹੈ, ਮਿੱਟੀ, ਚਟਾਨਾਂ, ਬਜਰੀ ਜਾਂ ਹੋਰ ਸਾਮੱਗਰੀ ਨੂੰ ਮੂਵ, ਲੋਡ ਅਤੇ ਗਰੇਡ ਕਰਦਾ ਹੈ
- ਕੰਪਿਊਟਰ-ਕੰਟਰੋਲਡ ਸਿਸਟਮਾਂ ਨਾਲ ਜ਼ਿਆਦਾ ਟੈਕਨੌਲੋਜੀ ਵਾਲਾ ਸਾਜ਼-ਸਾਮਾਨ ਚਲਾਉਣਾ
- ਕੰਮ ਤੋਂ ਪਹਿਲਾਂ/ਬਾਅਦ ਦੇ ਚੈੱਕਅੱਪ ਕਰਨਾ ਅਤੇ ਸਾਜ਼-ਸਾਮਾਨ ਦੀਆਂ ਮਾਮੂਲੀ ਰਿਪੇਅਰਾਂ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

ਔਨਲਾਈਨ ਟਰੇਡਜ਼ ਅਸੈੱਸਮੈਂਟ ਕਾਮਯਾਬੀ ਨਾਲ ਮੁਕੰਮਲ ਕਰਨਾ।

**ਅਪਰੈਂਟਿਸਸ਼ਿਪ ਪ੍ਰੋਗਰਾਮ:**
ਆਈ ਯੂ ਓ ਈ ਲੋਕਲ 115 ਟਰੇਨਿੰਗ ਐਸੋਸੀਏਸ਼ਨ (ਆਈ ਯੂ ਓ ਈ ਟੀ ਏ), ਇੰਡਸਟਰੀ ਟਰੇਨਿੰਗ ਅਥਾਰਟੀ ਵਲੋਂ ਨਿਯੁਕਤ ਟਰੇਨਿੰਗ ਦੇਣ ਵਾਲੀ ਐਸੋਸੀਏਸ਼ਨ ਹੈ ਅਤੇ ਇਹ ਮੋਬਾਇਲ ਕਰੇਨ ਓਪਰੇਟਰ, ਹੈਵੀ ਇਕੁਇਪਮੈਂਟ ਓਪਰੇਟਰ ਅਤੇ ਐਸ਼ਫਾਲਟ ਪੇਵਿੰਗ/ਲੇਅਡਾਊਨ ਟੈਕਨੀਸ਼ਨ ਪ੍ਰੋਗਰਾਮਾਂ ਵਿਚ ਟਰੇਨਿੰਗ ਅਤੇ ਅਪਰੈਂਟਿਸਸ਼ਿਪਸ ਦੇਣ `ਤੇ ਸਪੈਸ਼ਲਾਈਜ਼ ਕਰਦੀ ਹੈ। ਆਈ ਯੂ ਓ ਈ ਟੀ ਏ, ਹੈਵੀ ਡਿਊਟੀ ਮਕੈਨਿਕਸ, ਕਮਰਸ਼ੀਅਲ ਟ੍ਰਾਂਸਪੋਰਟ ਮਕੈਨਿਕਸ, ਪਲਾਂਟ ਓਪਰੇਟਰ, ਹੋਇਸਟ ਮਕੈਨਿਕਸ ਅਤੇ ਵੈਲਡਰ ਪ੍ਰੋਗਰਾਮਾਂ ਵਜੋਂ ਅਪਰੈਂਟਿਸਿਜ਼ ਨੂੰ ਸਪੌਂਸਰ ਵੀ ਕਰਦੀ ਹੈ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਹਿਸਾਬ, ਪੜ੍ਹਨ ਅਤੇ ਸਮੱਸਿਆ ਦਾ ਹੱਲ ਕਰਨ ਦੇ ਵਧੀਆ ਹੁਨਰ
- ਅੱਖਾਂ ਹੱਥਾਂ ਦਾ ਬਹੁਤ ਵਧੀਆ ਤਾਲਮੇਲ ਅਤੇ ਡੂੰਘਾਈ ਦੀ ਸੂਝ
- ਚੰਗੀ ਇਕਾਗਰਤਾ ਅਤੇ ਸ਼ਕਤੀ
- ਮਕੈਨੀਕਲ ਰੁਚੀ ਅਤੇ ਹੱਥਾਂ ਦੀ ਫੁਰਤੀ
- ਸੇਫਟੀ ਪ੍ਰਤੀ ਸੁਚੇਤ ਰਵਈਆ
- ਬਾਹਰ ਅਤੇ ਉਚਾਈਆਂ `ਤੇ ਕੰਮ ਕਰਨ ਦੀ ਸਮਰੱਥਾ
- ਸਹਿਯੋਗ ਵਾਲੇ ਮਾਹੌਲ ਵਿਚ ਕੰਮ ਕਰਨ ਦੀ ਸਮਰੱਥਾ

College of the BC Building Trades

## ਕੀ ਤੁਹਾਨੂੰ ਪਤਾ ਸੀ?

ਇੰਟਰਨੈਸ਼ਨਲ ਯੂਨੀਅਨ ਔਫ ਓਪਰੇਟਿੰਗ ਇੰਜਨੀਅਰਜ਼ ਲੋਕਲ 115 ਬੀ.ਸੀ. ਅਤੇ ਯੂਕੋਨ ਵਿਚ 12,500 ਨਾਲੋਂ ਜ਼ਿਆਦਾ ਮੈਂਬਰਾਂ ਦੀ ਨੁਮਾਇੰਦਗੀ ਕਰਦੀ ਹੈ ਅਤੇ ਇਸ ਨੇ ਆਪਣੇ ਹਰ ਮੈਂਬਰ ਦੀ, ਆਪਣੇ ਲਈ ਅਤੇ ਆਪਣੇ ਪਰਿਵਾਰਾਂ ਲਈ ਬਿਹਤਰ ਭਵਿੱਖ ਬਣਾਉਣ ਵਿਚ ਮਦਦ ਕੀਤੀ ਹੈ।

iuoe LOCAL 115 rise above.
ita DESIGNATED TRAINER
British Columbia Private Training Institutions Branch

info@collegeofthebcbt.ca | www.collegeofthebcbt.ca